Part III.

# ਵਪਾਰਕ ਮਾਨਸਿਕਤਾ ਦਾ ਮੁੜ ਪ੍ਰਗਟਾਵਾ

ਸਫ਼ਾ ੧ ਦੀ ਬਾਕੀ

ਪੰਜਾਬੀ ਜ਼ਬਾਨ ਨੂੰ ਦਰਪੇਸ਼ ਮਸਲਿਆਂ ਦੀ ਠੀਕ ਸ਼ਨਾਖ਼ਤ ਕੀਤੀ। ਬੜੀਆਂ ਚੰਗੀਆਂ ਗੱਲਾਂ ਸੁਣਨ ਨੂੰ ਮਿਲੀਆਂ। ਡਾ. ਅਮਰਜੀਤ ਗਰੇਵਾਲ, ਡਾ. ਗੁਰਭਗਤ ਸਿੰਘ ਹੁਰਾਂ ਨੇ ਬਹੁਤ ਕੁਝ ਨਵਾਂ ਕਿਹਾ ਭਾਵੇਂ ਇਹ ਵੀ ਟਿੱਪਣੀ ਆਈ ਕਿ ਇਹ ਗੱਲਾਂ ਯੂਨਵਰਸਿਟੀਆਂ ਦੇ ਸੈਮੀਨਾਰਾਂ ਵਿੱਚ ਆਮ ਸੁਣੀਆਂ ਜਾ ਸਕਦੀਆਂ ਹਨ। ਲੋੜ ਸੀ ਕਿ ਇਨ੍ਹਾਂ ਮਸਲਿਆਂ ਨੂੰ ਅਵਾਮ ਦੀ ਜ਼ਬਾਨ ਵਿੱਚ ਪੇਸ਼ ਕੀਤਾ ਜਾਂਦਾ ਤਾਂ ਕਿ ਇਹ ਹੋਰ ਲਾਭਦਾਇਕ ਹੁੰਦੀਆਂ। ਇਸ ਮੁੱਦੇ 'ਤੇ ਹਮੇਸ਼ਾ ਦੋ ਰਾਵਾਂ ਰਹੀਆਂ ਹਨ। ਆਲੋਚਕਾਂ ਦੀ ਜ਼ਬਾਨ ਹਮੇਸ਼ਾ ਮੁਸ਼ਕਲ ਹੀ ਹੁੰਦੀ ਹੈ। ਉਂਝ ਪਾਕਿਸਤਾਨ ਅਤੇ ਹਿੰਦੋਸਤਾਨ ਦੇ ਬੁੱਧੀਜੀਵੀਆਂ ਅਤੇ ਦਾਨਿਸ਼ਮੰਦਾਂ ਦੇ ਸਾਂਝੇ ਸੰਮੇਲਨ ਹੋਣਗੇ ਤਾਂ ਜ਼ਬਾਨ ਦਾ ਇਹ ਖੱਪਾ ਵੀ ਆਸਾਨੀ ਨਾਲ ਭਰਿਆ ਜਾ ਸਕੇਗਾ।

ਸੰਮੇਲਨ ਹੋਇਆ। ਕਵੀ ਦਰਬਾਰ ਹੋਇਆ। ਨਾਟਕ ਹੋਏ ਅਤੇ 'ਬੋਲੇ ਸੋ ਨਿਹਾਲ' ਨਾਟਕ ਵੀ ਹੋਇਆ। ਇਹ ਇੱਕ ਚੰਗੀ ਗੱਲ ਹੀ ਹੋਈ ਕਿ 'ਬੋਲੇ ਸੋ ਨਿਹਾਲ' ਅਖ਼ੀਰਲੀ ਰਾਤ ਹੀ ਹੋਇਆ, ਜਦੋਂ ਕਿ ਪਾਕਿਸਤਾਨ ਦਾ ਡੈਲੀਗੇਸ਼ਨ ਵਾਪਸ ਚਲਾ ਗਿਆ ਸੀ, ਨਹੀਂ ਤਾਂ ਦੋਸਤੀ ਦਾ ਵਾਤਾਵਰਨ ਜੋ ਪਹਿਲੇ ਦੋ ਦਿਨਾਂ ਵਿੱਚ ਬਣਿਆ ਸੀ, ਉਸ ਵਿੱਚ ਵਿਘਨ ਹੀ ਪੈਣਾ ਸੀ। ਇਹ ਨਾਟਕ ਹਿੰਦੋਸਤਾਨ ਤੇ ਬਾਹਰਲੇ ਦੇਸ਼ਾਂ ਵਿੱਚ ਵਸਦੇ ਸਿੱਖਾਂ ਲਈ ਤਾਂ ਕਸ਼ਿਸ਼ ਰੱਖਦਾ ਹੈ, ਪਰ ਵਿਸ਼ਵ ਪੰਜਾਬੀ ਸੰਮੇਲਨ 'ਤੇ ਇਸ ਨਾਟਕ ਦੀ ਚੋਣ ਬਿਲਕੁਲ ਹੀ ਗ਼ਲਤ ਕਹੀ ਜਾ ਸਕਦੀ ਹੈ। ਨਾਟਕਾਂ ਦੀ ਚੋਣ ਵਾਲੀ ਜੋ ਮੀਟਿੰਗ ਸੱਦੀ ਗਈ ਸੀ, ਉਸ ਵਿੱਚ ਮੈਂ ਵੀ ਸ਼ਾਮਲ ਸਾਂ। ਉੱਥੇ ਇਸ ਨਾਟਕ ਦਾ ਕੋਈ ਜ਼ਿਕਰ ਨਹੀਂ ਆਇਆ ਸੀ। ਇਹ ਚੋਣ ਪਿੱਛੋਂ ਦੀ ਸੋਚ ਹੈ, ਇਹ ਕਿਉਂ ਹੋਈ? ਪ੍ਰਬੰਧਕਾਂ ਨੂੰ ਇਸ ਬਾਰੇ ਜਵਾਬਦੇਹ ਹੋਣਾ ਬਣਦਾ ਹੈ। ਅਖ਼ਬਾਰਾਂ ਵਿੱਚ ਇਸ ਸੈਮੀਨਾਰ ਦੇ ਪ੍ਰਬੰਧਾਂ ਬਾਰੇ ਟਿੱਪਣੀਆਂ ਆਈਆਂ ਹਨ। ਪ੍ਰਬੰਧ ਵਿੱਚ ਘਾਟਾਂ ਰਹੀਆਂ ਹਨ। ਇਹ ਰਹਿਣੀਆਂ ਹੀ ਰਹਿਣੀਆਂ ਸਨ। ਡਾ. ਦੀਪਕ ਮਨਮੋਹਣ ਸਿੰਘ ਨੇ ਇਹਦੇ ਲਈ ਖਿਮਾਂ ਵੀ ਮੰਗੀ ਹੈ, ਪਰ ਸਾਰਿਆਂ ਨਾਲੋਂ ਵੱਡੀ ਘਾਟ ਸੀ ਤੇ ਪ੍ਰਬੰਧਕਾਂ ਵੱਲੋਂ ਇਹ ਘਾਟ ਸੀ ਕਿ ਕਿਸ ਪਹਿਲੂ 'ਤੇ ਜ਼ੋਰ ਦੇਣਾ ਹੈ ਅਤੇ ਕਿਸ ਨੂੰ ਨਜ਼ਰਅੰਦਾਜ਼ ਕਰਨਾ ਹੈ। ਉਹ ਇਸ ਸੰਮੇਲਨ ਦੇ ਨਿਸ਼ਾਨੇ ਬਾਰੇ ਸਪੱਸ਼ਟ ਨਹੀਂ ਸਨ। ਇਸੇ ਕਰਕੇ ਹੀ ਗ਼ਲਤੀਆਂ 'ਤੇ ਗ਼ਲਤੀਆਂ ਹੋ ਰਹੀਆਂ ਸਨ। ਪ੍ਰੋ. ਪ੍ਰੀਤਮ ਸਿੰਘ ਹੁਰਾਂ ਨੇ ਆਪਣੇ ਆਖ਼ਰੀ ਭਾਸ਼ਣ ਵਿੱਚ ਇਨ੍ਹਾਂ ਬਾਰੇ ਜ਼ਿਕਰ ਕੀਤਾ ਹੈ। ਸ਼ਿਸ਼ਟਾਚਾਰ ਦੀ ਮੰਗ ਨੂੰ ਮੁੱਖ ਰੱਖਦਿਆਂ ਉਹਨਾਂ ਨੇ ਕਈ ਗੱਲਾਂ ਇਸ਼ਾਰੇ ਮਾਫ਼ਕ ਹੀ ਕੀਤੀਆਂ ਹਨ, ਪਰ ਮੈਂ ਇੱਥੇ ਇਹ ਸਪੱਸ਼ਟ ਕਰ ਰਿਹਾ ਹਾਂ ਕਿ ਅਕਸਰ ਸਾਹਿਤ ਅਤੇ ਸੱਭਿਆਚਾਰ ਦੇ ਅਦਾਰਿਆਂ ਤੇ ਗ਼ੈਰ ਸਾਹਿਤਕ ਅਤੇ ਗ਼ੈਰ ਕਲਾਕਾਰ ਲੋਕ ਹਾਵੀ ਹੋਣ 'ਚ ਕਾਮਯਾਬ ਹੋ ਜਾਂਦੇ ਹਨ। ਮਿਸਾਲ ਐਚ ਐਸ. ਭੱਟੀ ਦੀ ਹੈ। ਇਹ ਵਪਾਰਕ ਜ਼ਹਿਨੀਅਤ ਦਾ ਵਿਅਕਤੀ ਹੈ। ਇਹਦੀ ਸਾਰੀ ਪਲੈਨਿੰਗ ਅਤੇ ਕਾਰਗੁਜ਼ਾਰੀ ਵਪਾਰਕ ਨਜ਼ਰੀਏ ਤੋਂ ਹੁੰਦੀ ਹੈ। ਇਹ ਸਵੀਕਾਰ ਕਰਦਿਆਂ ਹੋਇਆਂ ਕਿ ਪੰਜਾਬ ਕਲਾ ਭਵਨ ਵਿੱਚ ਉਸਰ ਰਿਹਾ ਰੰਧਾਵਾ ਆਡੀਟੋਰੀਅਮ ਭੱਟੀ ਹੁਰਾਂ ਕਰਕੇ ਹੀ ਮੁਮਕਿਨ ਹੋਇਆ ਹੈ, ਪਰ ਇਹ ਕਹਿਣ 'ਤੇ ਕੋਈ ਵੀ ਗੁਰੇਜ਼ ਨਹੀਂ ਕਿ ਭੱਟੀ ਕਰਕੇ ਹੀ ਪੰਜਾਬ ਦੇ ਸਾਹਿਤ ਅਤੇ ਕਲਾ ਦਾ ਵੱਡਾ ਨੁਕਸਾਨ ਹੋ ਰਿਹਾ ਹੈ। ਸਾਹਿਤਕਾਰਾਂ ਅਤੇ ਕਲਾਕਾਰਾਂ ਨੂੰ ਇਹਦੇ ਬਾਰੇ ਖ਼ਬਰਦਾਰ ਹੋਣਾ ਜ਼ਰੂਰੀ ਹੈ। ਸੰਮੇਲਨ ਦੇ ਦੌਰਾਨ ਵੀ ਧਨਾਢਾਂ ਅਤੇ ਵੱਡੇ ਲੋਕਾਂ ਵੱਲ ਉਚੇਚਾ ਧਿਆਨ ਅਤੇ ਸਾਹਿਤਕਾਰਾਂ ਅਤੇ ਕਲਾਕਾਰਾਂ ਵੱਲ ਬੇਧਿਆਨੀ ਵਪਾਰਕ ਸੋਚ ਦਾ ਹੀ ਹਿੱਸਾ ਹਨ। ਇਹ ਸੰਮੇਲਨ ਦਾਅਵਤਾਂ ਬਣਕੇ ਨਹੀਂ ਰਹਿਣੀਆਂ ਚਾਹੀਦੀਆਂ, ਇਹ ਗੱਲ ਵਾਰ-ਵਾਰ ਕਹਿਣੀ ਬਣਦੀ ਹੈ। 'ਭੱਟੀ ਹਟਾਓ, ਸਾਹਿਤ ਅਤੇ ਕਲਾ ਬਚਾਓ' ਇਹ ਨਾਅਰਾ ਉਠਣਾ ਵੀ ਇਸ ਸੰਮੇਲਨ ਦੀ ਦੇਣ ਕਹੀ ਜਾ ਸਕਦੀ ਹੈ। ਪਹਿਲੇ ਜੋ ਪ੍ਰਭਾਵ ਸੀ, ਉਹ ਅਸਲੀਅਤ ਬਣਕੇ ਸਾਹਮਣੇ ਆ ਗਿਆ ਹੈ।